16ਵੀਂ ਵਿਧਾਨ ਸਭਾ
ਪਹਿਲਾ ਸਮਾਗਮ

**ਪੰਜਾਬ ਵਿਧਾਨ ਸਭਾ ਸਕੱਤਰੇਤ**
(ਵਿਧਾਨ ਸ਼ਾਖਾ)
ਨੰ: 22-ਐਲ.ਏ.-2022/---3445

**ਰਾਜਪਾਲ ਦੁਆਰਾ ਸੰਵਿਧਾਨ ਦੇ ਅਨੁਛੇਦ 176 (1) ਦੀ ਪੈਰਵੀ ਵਿਚ ਸੋਮਵਾਰ, 21 ਮਾਰਚ, 2022 ਨੂੰ 2.00 ਵਜੇ ਬਾਅਦ ਦੁਪਹਿਰ ਪੰਜਾਬ ਵਿਧਾਨ ਸਭਾ ਹਾਲ, ਵਿਧਾਨ ਭਵਨ, ਚੰਡੀਗੜ੍ਹ ਵਿਚ ਪੰਜਾਬ ਵਿਧਾਨ ਸਭਾ ਦੇ ਸਨਮੁੱਖ ਭਾਸ਼ਣ।**

---

1. ਮੈਂਬਰ ਸਾਹਿਬਾਨ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ 1.50 ਵਜੇ ਬਾਅਦ ਦੁਪਹਿਰ ਤੱਕ ਪੰਜਾਬ ਵਿਧਾਨ ਸਭਾ ਹਾਲ, ਵਿਧਾਨ ਭਵਨ, ਵਿਚ ਆਪਣੀਆਂ ਸੀਟਾਂ ਤੇ ਹੋਣ।

2. ਉਹ ਅਗਲੀ ਕਤਾਰ ਦੀਆਂ ਸੀਟਾਂ ਨੂੰ ਛੱਡ ਕੇ, ਜੋ ਕਿ ਮੁੱਖ ਮੰਤਰੀ, ਮੰਤਰੀਆਂ ਅਤੇ ਲੇਡੀ ਮੈਂਬਰਜ਼ ਲਈ ਰਾਖਵੀਆਂ ਹਨ, ਕਿਸੇ ਵੀ ਸੀਟ ਤੇ ਬੈਠ ਸਕਦੇ ਹਨ ।

3. ਰਾਜਪਾਲ ਦੇ ਵਿਧਾਨ ਭਵਨ ਦੇ ਸੈਰੀਮੋਨੀਅਲ ਗੇਟ ਤੇ ਪਹੁੰਚਣ ਤੇ, ਮੁੱਖ ਮੰਤਰੀ, ਸਪੀਕਰ, ਸੰਸਦੀ ਕਾਜ ਮੰਤਰੀ, ਮੁੱਖ ਸਕੱਤਰ, ਪ੍ਰਮੁੱਖ ਸਕੱਤਰ/ਰਾਜਪਾਲ ਅਤੇ ਸਕੱਤਰ, ਪੰਜਾਬ ਵਿਧਾਨ ਸਭਾ ਉਨ੍ਹਾਂ ਦਾ ਸੁਆਗਤ ਕਰਨਗੇ। ਇਸ ਤੋਂ ਬਾਅਦ, ਉਹ ਸਾਰੇ ਇਕ ਜਲੂਸ ਦੀ ਸ਼ਕਲ ਵਿਚ ਮੈਂਬਰਾਂ ਦੇ ਪਰਵੇਸ਼ ਦੁਵਾਰ ਰਾਹੀਂ ਹਾਲ ਵਿਚ ਦਾਖਲ ਹੋਣਗੇ।

4. ਰਾਜਪਾਲ ਦੇ ਪਹੁੰਚਣ ਦਾ ਸਾਰਜੈਂਟ ਐਟ ਆਰਮਜ਼ ਐਲਾਨ ਕਰੇਗਾ। ਇਸ ਐਲਾਨ ਦੇ ਹੋਣ ਤੇ ਸਾਰੇ ਮੈਂਬਰ ਸਾਹਿਬਾਨ ਨੂੰ ਬਿਨੈ ਕੀਤੀ ਜਾਂਦੀ ਹੈ ਕਿ ਉਹ ਆਪਣੀਆਂ ਥਾਂਵਾਂ ਤੇ ਖੜ੍ਹੇ ਹੋ ਜਾਣ ਅਤੇ ਉਸ ਤੋਂ ਬਾਅਦ ਰਾਸ਼ਟਰੀ ਗੀਤ ਦੀ ਧੁੰਨ ਵਜਾਈ ਜਾਵੇਗੀ ਅਤੇ ਜਦੋਂ ਤਕ ਰਾਜਪਾਲ ਆਪਣੀ ਸੀਟ ਤੇ ਨਾ ਬੈਠ ਜਾਣ, ਖੜ੍ਹੇ ਰਹਿਣ।

5. ਇਸ ਉਪਰੰਤ, ਰਾਜਪਾਲ ਪੰਜਾਬ ਵਿਧਾਨ ਸਭਾ ਦੇ ਸਨਮੁੱਖ ਭਾਸ਼ਣ ਦੇਣਗੇ।

6. ਵਿਧਾਨ ਸਭਾ ਵਿਚ ਰਾਜਪਾਲ ਦੇ ਭਾਸ਼ਣ ਦੀ ਸਮਾਪਤੀ ਤੋਂ ਬਾਅਦ ਰਾਸ਼ਟਰੀ ਗੀਤ ਦੀ ਧੁੰਨ ਵਜਾਈ ਜਾਵੇਗੀ ਅਤੇ ਰਾਸ਼ਟਰੀ ਗੀਤ ਦੀ ਧੁੰਨ ਖਤਮ ਹੋਣ ਤੱਕ ਮੈਂਬਰ ਸਾਹਿਬਾਨ ਨੂੰ ਆਪਣੀਆਂ ਸੀਟਾਂ ਤੇ ਦੁਬਾਰਾ ਖੜ੍ਹੇ ਰਹਿਣ ਦੀ ਬੇਨਤੀ ਕੀਤੀ ਜਾਂਦੀ ਹੈ।

7. ਰਾਸ਼ਟਰੀ ਗੀਤ ਤੋਂ ਬਾਅਦ ਦੁਬਾਰਾ ਜਲੂਸ ਬਣਾਇਆ ਜਾਵੇਗਾ ਅਤੇ ਮੈਂਬਰ ਸਾਹਿਬਾਨ ਦੇ ਪਰਵੇਸ਼ ਦੁਵਾਰ ਰਾਹੀਂ ਹਾਲ ਤੋਂ ਬਾਹਰ ਚਲਾ ਜਾਵੇਗਾ।

8. ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਰਾਜਪਾਲ ਦੇ ਹਾਲ ਤੋਂ ਬਾਹਰ ਜਾਣ ਸਮੇਂ ਆਪਣੀਆਂ ਥਾਂਵਾਂ ਤੇ ਦੁਬਾਰਾ ਖੜ੍ਹੇ ਹੋ ਜਾਣ ਅਤੇ ਰਾਜਪਾਲ ਦੇ ਹਾਲ ਤੋਂ ਬਾਹਰ ਜਾਣ ਤੱਕ ਆਪਣੀਆਂ ਥਾਂਵਾਂ ਤੇ ਖੜ੍ਹੇ ਰਹਿਣ।

**ਚੰਡੀਗੜ੍ਹ:**
19 ਮਾਰਚ, 2022

**ਸੁਰਿੰਦਰ ਪਾਲ**
**ਸਕੱਤਰ।**

ਸੇਵਾ ਵਿਚ

**ਪੰਜਾਬ ਵਿਧਾਨ ਸਭਾ ਦੇ ਸਮੂਹ ਮੈਂਬਰ ਸਾਹਿਬਾਨ ।**

---

ਨੰ: 22-ਐਲ.ਏ.-2022/ 3446 , ਮਿਤੀ ਚੰਡੀਗੜ੍ਹ, 19 ਮਾਰਚ, 2022

ਕਾਪੀ ਨਿਮਨਲਿਖਤ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜੀ ਜਾਂਦੀ ਹੈ:-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ;
2. ਸਾਰੇ ਵਧੀਕ ਮੁੱਖ ਸਕੱਤਰ/ਵਿੱਤ ਕਮਿਸ਼ਨਰ/ਪ੍ਰਮੁੱਖ ਸਕੱਤਰ, ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਚੰਡੀਗੜ੍ਹ;
3. ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਸੰਸਦੀ ਕਾਜ ਵਿਭਾਗ, ਚੰਡੀਗੜ੍ਹ (ਚਾਰ ਵਾਧੂ ਕਾਪੀਆਂ ਸਮੇਤ); ਅਤੇ
4. ਪ੍ਰਮੁੱਖ ਸਕੱਤਰ, ਰਾਜਪਾਲ ਪੰਜਾਬ, ਚੰਡੀਗੜ੍ਹ।

ਰੈਤੂ ਸਹਿਗਲ
ਅਧੀਨ ਸਕੱਤਰ,

**16TH VIDHAN SABHA**
**FIRST SESSION**

**PUNJAB VIDHAN SABHA SECRETARIAT**
**(LEGISLATION BRANCH)**

**No. 22-LA-2022/3445**

**GOVERNOR'S ADDRESS TO PUNJAB VIDHAN SABHA IN PURSUANCE OF ARTICLE 176 (1) OF THE CONSTITUTION, IN THE PUNJAB VIDHAN SABHA HALL, VIDHAN BHAVAN, CHANDIGARH, ON MONDAY, THE 21ST MARCH, 2022 AT 2.00 P.M.**

1. Members are requested to be in their seats in the Punjab Vidhan Sabha Hall, Vidhan Bhavan, at 1.50 P.M.

2. They may occupy any seat except those in the front rows which are reserved for the Chief Minister, Ministers and the Lady Members.

3. The Governor will, on arrival at the Ceremonial Gate of the Vidhan Bhavan, be received by the Chief Minister, Speaker, Minister for Parliamentary Affairs, Chief Secretary, Principal Secretary to Governor and the Secretary, Punjab Vidhan Sabha. Thereafter, they will all enter the Hall in a formal procession through the Members' entrance.

4. The Governor's arrival will be announced by the Sergeant-at-Arms. On this announcement, all the Members are requested to rise at their places and then the National Anthem will be played and they shall remain standing till the Governor occupies his seat.

5. The Governor will then address the Punjab Vidhan Sabha.

6. After the end of the Governor's Address to the Vidhan Sabha, National Anthem will be played and the Members are again requested to rise in their places.

7. After the National Anthem has been played, the procession will be re-formed and withdraw from the Hall through the Members' entrance.

8. All the Members are requested to rise again in their places and keep standing till the Governor leaves the Hall.

**CHANDIGARH:**
**THE 19TH MARCH, 2022.**

**SURINDER PAL,**
**SECRETARY.**

To

***All Members of the Punjab Vidhan Sabha.***

**No. 22-LA-2022/3446, Dated Chandigarh, the 19th March, 2022.**

Copy forwarded for information to –

1. the Chief Secretary to Government, Punjab, Chandigarh;
2. all Additional Chief Secretaries / Financial Commissioners / Principal Secretaries / Administrative Secretaries to Government, Punjab, Chandigarh;
3. the Additional Chief Secretary to Government, Punjab, Department of Parliamentary Affairs, Chandigarh (with 4 spare copies); and
4. the Principal Secretary to Governor, Punjab, Chandigarh.

Ritu Sehgal

**UNDER SECRETARY,**
**for SECRETARY.**